# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ –ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
## ਸਮੱਗਰਾ ਸਿੱਖਿਆ ਅਭਿਆਨ (ਪੰਜਾਬ)

ਪੰਜਵੀਂ ਮੰਜਿਲ, ਈ.ਬਲਾਕ,ਸਿੱਖਿਆ ਭਵਨ,ਫੇਜ਼-8, ਸਅਸ ਨਗਰ, ਪੰਜਾਬ-160062

ਵੱਲ

**ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ ਅਤੇ ਸੈ.ਸਿ)**
**ਪੰਜਾਬ।**

ਮੀਮੋ ਨੰ:2023/ਐਨ.ਐਸ.ਕਿਊ.ਐਫ(347619)207157 ਮਿਤੀ: 26/07/2023

**ਵਿਸ਼ਾ:-ਐਨ.ਐਸ.ਕਿਊ.ਐਫ. ਅਧੀਨ ਚੱਲ ਰਹੇ 2089 ਵੋਕੇਸ਼ਨਲ ਲੈਬਜ਼ ਵਿੱਚ Guest lecture ਕਰਵਾਉਣ ਲਈ ਭੇਜੀ ਜਾਣ ਵਾਲੀ ਰਾਸ਼ੀ ਦੀ ਵਰਤੋ ਕਰਨ ਸਬੰਧੀ ਹਦਾਇਤਾਂ।**

1. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।
2. ਸਮੱਗਰਾ ਸਿੱਖਿਆ ਤਹਿਤ ਪੰਜਾਬ ਰਾਜ ਦੇ 2089 ਵੋਕੇਸ਼ਨਲ ਲੈਬਜ਼ ਵਿੱਚ NSQF ਤਹਿਤ ਵੋਕੇਸ਼ਨਲ ਸਿੱਖਿਆ ਦਿੱਤੀ ਜਾ ਰਹੀ ਹੈ। ਹਰ ਸਕੂਲ ਵਿੱਚ ਇੱਕ ਤੋਂ ਤਿੰਨ ਵੱਖ-ਵੱਖ ਟਰੇਡਾਂ ਚੱਲ ਰਹੀਆਂ ਹਨ, ਜਿੱਥੇ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਵੋਕੇਸ਼ਨਲ ਟ੍ਰੇਨਰਾਂ ਵੱਲੋਂ ਵੋਕੇਸ਼ਨਲ ਸਿੱਖਿਆ ਦਿੱਤੀ ਜਾਂਦੀ ਹੈ।
3. ਵਿਦਿਆਰਥੀਆਂ ਨੂੰ ਹੋਰ ਵਧੀਆ ਤਰੀਕੇ ਨਾਲ ਸਿਖਲਾਈ ਦੇਣ ਲਈ ਇਸ ਸਕੀਮ ਵਿੱਚ ਬਾਹਰੋਂ ਫੈਕਲਟੀ/ਟ੍ਰੇਨਰ ਬੁਲਾ ਕੇ ਉਹਨਾਂ ਤੋਂ ਹਰ ਮਹੀਨੇ guest lecture ਦਵਾਉਣ ਦਾ ਉਪਬੰਧ ਹੈ, ਤਾਂ ਜੋ ਵਿਦਿਆਥੀਆਂ ਨੂੰ ਨਵੇਕਲੇ ਤਰੀਕੇ ਨਾਲ ਸਬੰਧਤ ਖੇਤਰ ਵਿੱਚ ਹੋ ਰਹੀਆਂ Innovations ਤੋਂ ਜਾਣੂ ਕਰਵਾਇਆ ਜਾ ਸਕੇ।
4. ਇਸ ਮੱਦ ਅਧੀਨ ਜੁਲਾਈ ਤੋਂ ਅਕਤੂਬਰ,2023 ਦੇ ਚਾਰ ਮਹੀਨਿਆਂ ਦੌਰਾਨ 2089 ਵੋਕੇਸ਼ਨਲ ਲੈਬਜ਼ ਸਬੰਧੀ 9ਵੀਂ ਤੋਂ 12ਵੀਂ ਚਾਰੇ ਜਮਾਤਾਂ ਦੇ ਵਿਦਿਆਰਥੀਆਂ ਨੂੰ ਗੈਸਟ ਲੈਕਚਰ ਦਵਾਉਣ ਲਈ ਹੇਠ ਦਿੱਤੇ ਟੇਬਲ ਅਨੁਸਾਰ ਰਾਸ਼ੀ ਭੇਜੀ ਜਾਵੇਗੀ। ਇੱਥੇ ਦੱਸਣਯੋਗ ਹੈ ਕਿ ਇਹ ਗਰਾਂਟ ਐਨ.ਐਸ.ਕਿਊ.ਐਫ ਤਹਿਤ ਅਕਦਾਮਿਕ ਸਾਲ 2023-24 ਵਿੱਚ ਸ਼ੁਰੂ ਕੀਤੀਆਂ ਗਈਆਂ 414 ਲੈਬਜ਼ ਲਈ ਜਮਾਤ 9ਵੀਂ ਅਤੇ 11ਵੀਂ ਲਈ ਅਤੇ ਪਹਿਲਾ ਤੋਂ ਚੱਲ ਰਹੀਆਂ 1675 ਵੋਕੇਸ਼ਨਲ ਲੈਬਜ਼ ਦੀਆਂ 4 ਜਮਾਤਾਂ ਲਈ ਰੁਪਏ 500/- ਪ੍ਰਤੀ ਜਮਾਤ ਭੇਜੀ ਜਾ ਰਹੀ ਹੈ।

| S. No. | District | Total No. of Labs | Total Amount To be disbursed to the districts) (Rs.in Lakhs) |
|---|---|---|---|
| 1 | AMRITSAR | 163 | 11.64 |
| 2 | BARNALA | 50 | 3.84 |
| 3 | BATHINDA | 142 | 10.4 |
| 4 | FARIDKOT | 59 | 4.44 |
| 5 | FATEHGARH SAHIB | 57 | 4.44 |
| 6 | FAZILKA | 107 | 7.24 |
| 7 | FEROZEPUR | 79 | 5.76 |
| 8 | GURDASPUR | 124 | 8.64 |
| 9 | HOSHIARPUR | 97 | 7 |
| 10 | JALANDHAR | 140 | 10.12 |
| 11 | KAPURTHALA | 77 | 6.04 |
| 12 | LUDHIANA | 125 | 8.4 |
| 13 | Malerkotla | 23 | 1.6 |
| 14 | MANSA | 97 | 7.08 |
| 15 | MOGA | 88 | 6.44 |
| 16 | SHRI MUKTSAR SAHIB | 108 | 8.48 |
| 17 | PATHANKOT | 50 | 3.68 |
| 18 | PATIALA | 127 | 8.92 |
| 19 | ROOPNAGAR | 64 | 4.76 |
| 20 | S.B.S. NAGAR | 61 | 4.76 |
| 21 | SANGRUR | 108 | 6.96 |
| 22 | SAS NAGAR | 61 | 4.32 |
| 23 | TARN TARAN | 82 | 5.6 |
| | **Total** | **2089** | **150.56** |

5. ਉਪਰੋਕਤ ਲੈਬਜ਼ ਵਿੱਚ PM Shri ਅਧੀਨ ਆਉਂਦੇ ਸਕੂਲਾਂ ਦੀਆਂ ਲੈਬਜ਼ ਸ਼ਾਮਿਲ ਨਹੀਂ ਕੀਤੀਆਂ ਗਈਆਂ ਹਨ। ਉਹਨਾਂ ਦੀ ਗ੍ਰਾਂਟ ਭਾਰਤ ਸਰਕਾਰ ਵੱਲੋਂ ਵੱਖਰੇ ਤੌਰ ਤੇ ਪ੍ਰਵਾਨ ਹੋਣ ਉਪਰੰਤ ਜਾਰੀ ਕੀਤੀ ਜਾਵੇਗੀ ।

6. ਸਮੂਹ ਸਕੂਲ ਮੁੱਖੀਆਂ/ਪ੍ਰਿੰਸਿਪਲਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਨੂੰ ਇਹ Guest lecture ਸਮੇਂ ਸਿਰ ਕਰਵਾ ਦਿੱਤੇ ਜਾਣ ਅਤੇ ਜੇਕਰ ਗ੍ਰਾਂਟ ਸਮੇਂ ਸਿਰ ਪ੍ਰਾਪਤ ਨਹੀਂ ਹੁੰਦੀ ਹੈ ਤਾਂ **ਇਸ ਤੇ ਆਉਣ ਵਾਲਾ ਖਰਚ Amalgamated ਫੰਡ ਵਿੱਚੋਂ ਕਰਵਾ ਲਿਆ ਜਾਵੇ । ਗ੍ਰਾਂਟ ਪ੍ਰਾਪਤ ਹੋਣ ਤੇ ਇਸ ਮੰਤਵ ਲਈ ਖਰਚਿਆ ਪੈਸਾ Amalgamated ਫੰਡ ਵਿੱਚ ਜਮ੍ਹਾ ਕਰਵਾ ਦਿੱਤਾ ਜਾਵੇ ।**

7. **ਸਕੂਲਾਂ ਵਿੱਚ ਗੈਸਟ ਲੈਕਚਰ ਕਰਵਾਉਣ ਸਬੰਧੀ ਹਦਾਇਤਾਂ**

- ਜੇਕਰ ਗੈਸਟ ਲੈਕਚਰਾਰ ਦੀ ਵਿੱਦਿਅਕ ਯੋਗਤਾ ਗ੍ਰੇਜੂਏਸ਼ਨ ਹੈ ਤਾਂ 300 ਰੁ: ਪ੍ਰਤੀ ਗੈਸਟ ਲੈਕਚਰ।
- ਜੇਕਰ ਗੈਸਟ ਲੈਕਚਰ ਦੀ ਵਿੱਦਿਅਕ ਯੋਗਤਾ ਪੋਸਟ- ਗ੍ਰੇਜੂਏਸ਼ਨ ਹੈ ਤਾਂ 500 ਰੁ: ਪ੍ਰਤੀ ਗੈਸਟ ਲੈਕਚਰ।
- ਜੇਕਰ ਕੋਈ Experienced Resource person ਹੈ ਜੋ ਕਿ ਪੜ੍ਹਿਆ ਲਿਖਿਆ ਨਹੀਂ ਵੀ ਹੈ ਪਰੰਤੂ ਸਬੰਧਤ ਟਰੇਡ ਵਿੱਚ 3 ਸਾਲ ਤੱਕ ਦਾ ਤਜਰਬਾ ਰੱਖਦਾ ਹੈ, ਤਾਂ 500 ਰੁ: ਪ੍ਰਤੀ ਗੈਸਟ ਲੈਕਚਰ। (MOE ਦੀਆਂ ਹਦਾਇਤਾਂ ਅਨੁਸਾਰ Skilled Persons ਤੋਂ ਵੀ ਗੈਸਟ ਲੈਕਚਰ ਕਰਵਾਏ ਜਾ ਸਕਦੇ ਹਨ।
- ਗੈਸਟ ਲੈਕਚਰਾਰ ਦੇ honorarium ਦੀ ਅਦਾਇਗੀ ਸਮੱਗਰ ਸਿੱਖਿਆ ਦੇ ਨਿਯਮਾਂ ਅਨੁਸਾਰ ਅਦਾ ਕੀਤੀ ਜਾਵੇ ।
- ਸਕੂਲਾਂ ਵਿੱਚ ਵਾਊਚਰ ਮੈਨਟੇਨ ਕਰਵਾਉਣ ਦੀ ਡਿਊਟੀ ਸਕੂਲ ਮੁੱਖੀ ਦੀ ਹੋਵੇਗੀ ।
- VTPs ਦੀ ਜਿੰਮੇਵਾਰੀ ਗੈਸਟ ਲੈਕਚਰਾਰ ਸਕੂਲ ਵਿੱਚ ਸਮੇਂ ਸਿਰ ਮੁਹੱਇਆ ਕਰਵਾਉਣਾ ਅਤੇ ਉਹਨਾਂ ਦੁਆਰਾ ਆਊਟਸੋਰਸ ਤੇ ਰੱਖੇ ਅਧਿਆਪਕਾਂ ਤੋਂ ਵਾਊਚਰ ਪੂਰੇ ਕਰਵਾਉਣ ਦੀ ਹੋਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸਬੰਧਤ VTP ਨੂੰ ਪ੍ਰਤੀ ਲੈਕਚਰ 500ਰੁ: ਦੀ ਪੈਨਲਟੀ ਲਗਾਈ ਜਾਵੇਗੀ। ਜੋ ਕਿ ਉਹਨਾਂ ਨੂੰ ਹਰ ਮਹੀਨੇ ਦਿੱਤੇ ਜਾਣ ਵਾਲੇ Administrative Charges ਵਿੱਚੋਂ ਕੱਟ ਲਈ ਜਾਵੇਗੀ ।

8. ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਗਤੀਵਿਧੀ ਕਰਵਾਉਣ ਲਈ ਇਸ ਪੱਤਰ ਵਿੱਚ ਦਰਜ ਹਦਾਇਤਾਂ ਸਕੂਲ ਮੁਖੀਆਂ ਨੂੰ ਭੇਜ ਦਿੱਤੀਆਂ ਜਾਣ। ਖਰਚ ਕੀਤੀ ਗਈ ਰਾਸ਼ੀ ਦੇ ਵਰਤੋਂ ਸਰਟੀਫਿਕੇਟ ਮਿਤੀ 31-10-2023 ਤੱਕ ਮੁੱਖ ਦਫਤਰ ਨੂੰ ਭੇਜਿਆ ਜਾਵੇ ਅਤੇ NSQF ਦੀ ਈ-ਮੇਲ ID ਤੇ ਵੀ ਸੂਚਿਤ ਕੀਤਾ ਜਾਵੇ।

24/7/23

**ਸਹਾਇਕ ਡਾਇਰੈਕਟਰ (ਵੋਕੇਸ਼ਨਲ)**
**ਸਮੱਗਰ ਸਿੱਖਿਆ ਅਭਿਆਨ, ਪੰਜਾਬ।**

**ਨੱਥੀ:- ਸਬੰਧਤ ਸਕੂਲਾਂ ਦੀ ਲਿਸਟ**

**ਪਿੱਠ ਅੰਕਣ ਨੰ: *2023/NSQF( 347619 )* ਉਕਤ** 20157 **ਮਿਤੀ:** 26/07/2023

**ਉਕਤ ਦਾ ਉਤਾਰਾ ਵੋਕੇਸ਼ਨਲ ਟਰੇਨਿੰਗ ਪ੍ਰਵਾਇਡਰਾਂ ਨੂੰ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।**

26/7/23

**ਸਹਾਇਕ ਡਾਇਰੈਕਟਰ (ਵੋਕੇਸ਼ਨਲ)**
**ਸਮੱਗਰ ਸਿੱਖਿਆ ਅਭਿਆਨ, ਪੰਜਾਬ।**